ਮਿੱਠੇ ਬੱਚੇ:- "ਮਿੱਠੇ ਬੱਚੇ ਸ਼ਾਂਤੀਧਾਮ ਪਾਵਨ ਆਤਮਾਵਾਂ ਦਾ ਘਰ ਹੈ, ਉਸ ਘਰ ਵਿੱਚ ਜਾਣਾ ਹੈ ਤਾਂ ਸੰਪੂਰਨ ਪਾਵਨ ਬਣੋ"

ਪ੍ਰਸ਼ਨ:- ਬਾਪ ਸਾਰੇ ਬੱਚਿਆਂ ਨਾਲ ਕਿਹੜੀ ਗਰੰਟੀ ਕਰਦੇ ਹਨ?

ਉੱਤਰ:- ਮਿੱਠੇ ਬੱਚੇ, ਤੁਸੀਂ ਮੈਨੂੰ ਯਾਦ ਕਰੋ ਤਾਂ ਮੈਂ ਗਰੰਟੀ ਕਰਦਾ ਹਾਂ ਕਿ ਬਿਗਰ ਸਜਾ ਭੁਗਤੇ ਤੁਸੀਂ ਮੇਰੇ ਘਰ ਚੱਲੋਗੇ। ਤੁਸੀਂ ਇੱਕ ਬਾਪ ਨਾਲ ਦਿਲ ਲਗਾਓ, ਇਸ ਪੁਰਾਣੀ ਦੁਨੀਆਂ ਨੂੰ ਵੇਖਦੇ ਹੋਏ ਵੀ ਨਹੀ ਵੇਖੋ, ਇਸ ਦੁਨੀਆਂ ਵਿੱਚ ਰਹਿੰਦੇ ਪਵਿੱਤਰ ਬਣ ਕੇ ਵਿਖਾਵੋ, ਤਾਂ ਬਾਬਾ ਤੁਹਾਨੂੰ ਵਿਸ਼ਵ ਦੀ ਬਾਦਸ਼ਾਹੀ ਜਰੂਰ ਦੇਣਗੇ।

ਓਮ ਸ਼ਾਂਤੀ। ਰੂਹਾਨੀ ਬੱਚਿਆਂ ਤੋਂ ਰੂਹਾਨੀ ਬਾਪ ਪੁੱਛ ਰਹੇ ਹਨ, ਇਹ ਤਾਂ ਬੱਚੇ ਜਾਣਦੇ ਹਨ ਬਾਪ ਆਇਆ ਹੈ ਸਾਨੂੰ ਬੱਚਿਆਂ ਨੂੰ ਆਪਣੇ ਘਰ ਲੈ ਜਾਣ ਦੇ ਲਈ, ਹੁਣ ਘਰ ਜਾਣ ਨੂੰ ਦਿਲ ਕਰਦਾ ਹੈ? ਉਹ ਹੈ ਸਭ ਆਤਮਾਵਾਂ ਦਾ ਘਰ। ਇੱਥੇ ਸਭ ਜੀਵ ਆਤਮਾਵਾਂ ਦਾ ਘਰ ਇੱਕ ਨਹੀਂ ਹੈ। ਇਹ ਤਾਂ ਸਮਝਦੇ ਹੋ ਬਾਪ ਆਇਆ ਹੋਇਆ ਹੈ। ਬੁਲਾਵਾ ਦੇਕੇ ਬੁਲਾਇਆ ਹੈ ਬਾਪ ਨੂੰ। ਸਾਨੂੰ ਘਰ ਮਤਲਬ ਸ਼ਾਂਤੀਧਾਮ ਲੈ ਚੱਲੋ। ਹੁਣ ਬਾਪ ਕਹਿੰਦੇ ਹਨ ਆਪਣੇ ਦਿਲ ਤੋਂ ਪੁਛੋ ਹੇ ਆਤਮਾਓਂ, ਤੁਸੀਂ ਪਤਿਤ ਕਿਵੇਂ ਜਾ ਸਕੋਗੀ? ਪਾਵਨ ਤਾਂ ਜਰੂਰ ਬਣਨਾ ਹੈ। ਹੁਣ ਘਰ ਚਲਣਾ ਹੈ ਹੋਰ ਤਾਂ ਕੋਈ ਗੱਲ ਨਹੀਂ ਕਹਿੰਦੇ। ਭਗਤੀ ਮਾਰਗ ਵਿੱਚ ਤੁਸੀਂ ਇਨ੍ਹਾਂ ਵਕ਼ਤ ਪੁਰਸ਼ਾਰਥ ਕੀਤਾ ਹੈ, ਕਿਸਦੇ ਲਈ? ਮੁਕਤੀ ਦੇ ਲਈ। ਤਾਂ ਹੁਣ ਬਾਪ ਪੁੱਛਦੇ ਹਨ ਘਰ ਜਾਣ ਦਾ ਵਿਚਾਰ ਹੈ? ਬੱਚੇ ਕਹਿੰਦੇ - ਬਾਬਾ ਇਸ ਦੇ ਲਈ ਹੀ ਤਾਂ ਇਤਨੀ ਭਗਤੀ ਕੀਤੀ ਹੈ। ਇਹ ਵੀ ਜਾਣਦੇ ਹੋ ਜੋ ਜੀਵ ਆਤਮਾਵਾਂ ਹਨ ਸਭ ਨੂੰ ਲੈ ਜਾਣਾ ਹੈ ਫੇਰ ਪਵਿੱਤਰ ਆਤਮਾਵਾਂ ਹੀ ਪਹਿਲੋਂ - ਪਹਿਲੋਂ ਆਉਂਦੀਆਂ ਹਨ। ਅਪਵਿੱਤਰ ਆਤਮਾਵਾਂ ਤੇ ਘਰ ਵਿੱਚ ਰਹਿ ਨਹੀਂ ਸਕਦੀਆਂ। ਹੁਣ ਜਿੰਨੀਆਂ ਵੀ ਕਰੋੜਾਂ ਆਤਮਾਵਾਂ ਹਨ ਸਭ ਨੇ ਘਰ ਜ਼ਰੂਰ ਜਾਣਾ ਹੈ। ਉਸ ਘਰ ਨੂੰ ਸ਼ਾਂਤੀਧਾਮ ਜਾਂ ਵਾਣਪ੍ਰਸਥ ਕਿਹਾ ਜਾਂਦਾ ਹੈ। ਅਸੀਂ ਆਤਮਾਵਾਂ ਨੇ ਪਾਵਨ ਬਣਕੇ ਪਾਵਨ ਸ਼ਾਂਤੀਧਾਮ ਜਾਣਾ ਹੈ। ਬਸ। ਕਿੰਨੀ ਸੌਖੀ ਗੱਲ ਹੈ। ਉਹ ਹੈ ਪਾਵਨ ਸ਼ਾਂਤੀਧਾਮ ਆਤਮਾਵਾਂ ਦਾ। ਉਹ ਹੈ ਪਾਵਨ ਸੁੱਖਧਾਮ ਜੀਵ ਆਤਮਾਵਾਂ ਦਾ। ਇਹ ਹੈ ਪਤਿਤ ਦੁੱਖਧਾਮ ਜੀਵ ਆਤਮਾਵਾਂ ਦਾ। ਇਸ ਵਿੱਚ ਮੁੰਝਣ ਵਾਲੀ ਤਾਂ ਕੋਈ ਗੱਲ ਹੀ ਨਹੀਂ ਹੈ। ਸ਼ਾਂਤੀਧਾਮ ਜਿੱਥੇ ਸਭ ਪਵਿੱਤਰ ਆਤਮਾਵਾਂ ਨਿਵਾਸ ਕਰਦੀਆਂ ਹਨ। ਉਹ ਹੈ ਆਤਮਾਵਾਂ ਦੀ ਪਵਿੱਤਰ ਦੁਨੀਆਂ। ਵਾਈਸਲੈਸ ਇਨਕਾਰਪੋਰੀਅਲ ਵਰਲਡ। ਇਹ ਪੁਰਾਣੀ ਦੁਨੀਆਂ ਹੈ ਸਭ ਜੀਵ ਆਤਮਾਵਾਂ ਦੀ। ਸਭ ਪਤਿਤ ਹਨ। ਹੁਣ ਬਾਪ ਆਏ ਹਨ ਆਤਮਾਵਾਂ ਨੂੰ ਪਾਵਨ ਬਣਾਕੇ, ਪਾਵਨ ਦੁਨੀਆ ਸ਼ਾਂਤੀਧਾਮ ਵਿੱਚ ਲੈ ਜਾਣ ਲਈ। ਫੇਰ ਜੋ ਰਾਜਯੋਗ ਸਿੱਖਦੇ ਹਨ ਉਹ ਹੀ ਪਾਵਨ ਸੁੱਖਧਾਮ ਵਿੱਚ ਆਉਣਗੇ। ਇਹ ਤਾਂ ਬਹੁਤ ਸਹਿਜ ਹੈ, ਇਸ ਵਿੱਚ ਕਿਸੇ ਵੀ ਗੱਲ ਦਾ ਵਿਚਾਰ ਨਹੀਂ ਕਰਨਾ ਹੈ। ਬੁੱਧੀ ਨਾਲ ਸਮਝਣਾ ਹੈ। ਸਾਡਾ ਆਤਮਾਵਾਂ ਦਾ ਬਾਪ ਆਇਆ ਹੋਇਆ ਹੈ, ਸਾਨੂੰ ਪਾਵਨ ਸ਼ਾਂਤੀਧਾਮ ਵਿੱਚ ਲੈਕੇ ਜਾਣ ਲਈ। ਉੱਥੇ ਜਾਣ ਦਾ ਰਸਤਾ ਜੋ ਅਸੀਂ ਭੁੱਲ ਗਏ ਸੀ, ਸੋ ਹੁਣ ਬਾਪ ਨੇ ਦੱਸਿਆ ਹੈ। ਕਲਪ - ਕਲਪ ਮੈਂ ਇੰਵੇਂ ਹੀ ਆਕੇ ਕਹਿੰਦਾ ਹਾਂ - ਹੇ ਬੱਚੇ, ਮੈਨੂੰ ਸ਼ਿਵਬਾਬਾ ਨੂੰ ਯਾਦ ਕਰੋ। ਸ੍ਰਵ ਦਾ ਸਦਗਤੀ ਦਾਤਾ ਇੱਕ ਸਤਿਗੁਰੂ ਹੈ। ਉਹ ਹੀ ਆਕੇ ਬੱਚਿਆਂ ਨੂੰ ਪੈਗਾਮ ਅਥਵਾ ਸ਼੍ਰੀਮਤ ਦਿੰਦੇ ਹਨ ਕਿ ਬੱਚਿਓ ਹੁਣ ਤੁਸੀਂ ਕੀ ਕਰਨਾ ਹੈ? ਅਧਾਕਲਪ ਤੁਸੀਂ ਬਹੁਤ ਭਗਤੀ ਕੀਤੀ ਹੈ, ਦੁੱਖ ਝਲਿਆ ਹੈ। ਖਰਚ ਕਰਦੇ - ਕਰਦੇ ਕੰਗਾਲ ਬਣ ਗਏ ਹੋ। ਆਤਮਾ ਵੀ ਸਤੋਪ੍ਰਧਾਨ ਤੋਂ ਤਮੋਪ੍ਰਧਾਨ ਬਣ ਗਈ ਹੈ। ਬਸ, ਇਹ ਥੋੜ੍ਹੀ ਜਿਹੀ ਗੱਲ ਹੀ ਸਮਝਣ ਦੀ ਹੈ। ਹੁਣ ਘਰ ਚਲਣਾ ਹੈ ਜਾਂ ਨਹੀਂ? ਹਾਂ ਬਾਬਾ, ਜਰੂਰ ਚਲਣਾ ਹੈ। ਉਹ ਸਾਡਾ ਸਵੀਟ ਸਾਈਲੈਂਸ ਹੋਮ ਹੈ। ਇਹ ਵੀ ਸਮਝਦੇ ਹੋ ਬਰੋਬਰ ਹਾਲੇ ਅਸੀਂ ਪਤਿਤ ਹਾਂ ਇਸ ਲਈ ਜਾ ਨਹੀਂ ਸਕਦੇ ਹਾਂ। ਹੁਣ ਬਾਪ ਕਹਿੰਦੇ ਹਨ ਮੈਨੂੰ ਯਾਦ ਕਰੋ ਤਾਂ ਤੁਹਾਡੇ ਪਾਪ ਕੱਟ ਜਾਣਗੇ। ਕਲਪ - ਕਲਪ ਇਹ ਹੀ ਪੈਗਾਮ ਦਿੰਦਾ ਹਾਂ। ਆਪਣੇ ਨੂੰ ਆਤਮਾ ਸਮਝੋ, ਇਹ ਦੇਹ ਤਾਂ ਖ਼ਲਾਸ ਹੋ ਜਾਣੀ ਹੈ। ਬਾਕੀ ਆਤਮਾਵਾਂ ਨੂੰ ਵਾਪਿਸ ਜਾਣਾ ਹੈ। ਉਨ੍ਹਾਂਨੂੰ ਕਹਿੰਦੇ ਹਨ ਨਿਰਾਕਾਰੀ ਦੁਨੀਆਂ। ਸਾਰੀਆਂ ਨਿਰਾਕਾਰੀ ਆਤਮਾਵਾਂ ਉੱਥੇ ਰਹਿੰਦੀਆਂ ਹਨ। ਉਹ ਘਰ ਹੈ ਆਤਮਾਵਾਂ ਦਾ। ਨਿਰਾਕਾਰ ਬਾਪ ਵੀ ਉੱਥੇ ਰਹਿੰਦੇ ਹਨ। ਬਾਪ ਆਉਂਦੇ ਹਨ ਸਭ ਤੋਂ ਪਿਛਾੜੀ ਵਿੱਚ ਕਿਉਂਕਿ ਸਭ ਨੂੰ ਵਾਪਿਸ ਲੈਕੇ ਜਾਣਾ ਹੈ। ਇੱਕ ਵੀ ਪਤਿਤ ਆਤਮਾ ਰਹਿੰਦੀ ਨਹੀਂ ਹੈ, ਇਸ ਵਿੱਚ ਮੁੰਝਣ ਦੀ ਜਾਂ ਤਕਲੀਫ਼ ਦੀ ਗੱਲ ਨਹੀਂ ਹੈ। ਗਾਉਂਦੇ ਵੀ ਹਨ ਹੇ ਪਤਿਤ ਪਾਵਨ ਆਕੇ ਸਾਨੂੰ ਪਾਵਨ ਬਣਾਕੇ ਨਾਲ ਲੈ ਚੱਲੋ। ਸਭਦਾ ਬਾਪ ਹੈ ਨਾ। ਫੇਰ ਅਸੀਂ ਜਦੋ ਨਵੀਂ ਦੁਨੀਆਂ ਵਿੱਚ ਪਾਰ੍ਹ ਵਜਾਉਣ ਲਈ ਆਉਂਦੇ ਹਾਂ ਤਾਂ ਬਹੁਤ ਘੱਟ ਰਹਿ ਜਾਂਦੇ ਹਾਂ। ਬਾਕੀ ਇਤਨੀਆਂ ਕਰੋੜ ਆਤਮਾਵਾਂ ਕਿੱਥੇ ਜਾਕੇ ਰਹਿੰਦੀਆਂ ਹਨ? ਇਹ ਵੀ ਜਾਣਦੇ ਹੋ ਸਤਿਯੁਗ ਵਿੱਚ ਥੋੜ੍ਹੀਆਂ ਆਤਮਾਵਾਂ ਸਨ, ਛੋਟਾ ਝਾੜ ਸੀ ਫੇਰ ਵਾਧੇ ਨੂੰ ਪਿਆ ਹੈ। ਝਾੜ ਵਿੱਚ ਅਨੇਕ ਧਰਮਾਂ ਦੀ ਵਰੇਇਟੀ ਹੈ। ਉਸਨੂੰ ਹੀ ਕਲਪ ਬ੍ਰਿਖ ਕਿਹਾ ਜਾਂਦਾ ਹੈ। ਕੁਝ ਵੀ ਜੇਕਰ ਨਹੀਂ ਸਮਝਦੇ ਹੋ ਤਾਂ ਪੁੱਛ ਸਕਦੇ ਹੋ। ਕਈ ਕਹਿੰਦੇ ਹਨ - ਬਾਬਾ ਅਸੀਂ ਕਲਪ ਦੀ ਉਮਰ 5 ਹਜ਼ਾਰ ਸਾਲ ਕਿਵੇਂ ਮੰਨੀਏ? ਅਰੇ, ਬਾਪ ਤਾਂ ਸੱਚ ਹੀ ਸੁਣਾਉਂਦੇ ਹਨ। ਚੱਕਰ ਦਾ ਹਿਸਾਬ ਵੀ ਦੱਸਿਆ ਹੈ।

ਇਸ ਕਲਪ ਦੇ ਸੰਗਮ ਤੇ ਹੀ ਬਾਪ ਆਕੇ ਦੈਵੀ ਰਾਜਧਾਨੀ ਸਥਾਪਨ ਕਰਦੇ ਹਨ, ਜੋ ਹੁਣ ਨਹੀਂ ਹੈ। ਸਤਿਯੁਗ ਵਿੱਚ ਫੇਰ ਇੱਕ ਦੈਵੀ ਰਾਜਧਾਨੀ ਹੋਵੇਗੀ। ਇਸ ਵਕ਼ਤ ਤੁਹਾਨੂੰ ਰਚਤਾ ਅਤੇ ਰਚਨਾ ਦਾ ਗਿਆਨ ਸੁਣਾਉਂਦੇ ਹਨ। ਬਾਪ ਕਹਿੰਦੇ ਹਨ ਮੈਂ ਕਲਪ -ਕਲਪ, ਕਲਪ ਦੇ ਸੰਗਮਯੁੱਗ ਤੇ ਆਉਂਦਾ ਹਾਂ। ਨਵੀ ਦੁਨੀਆਂ ਦੀ ਸਥਾਪਨਾ ਕਰਦਾ ਹਾਂ। ਪੁਰਾਣੀ ਦੁਨੀਆਂ ਖ਼ਤਮ ਹੋ ਜਾਣੀ ਹੈ। ਡਰਾਮਾ

ਪਲਾਨ ਅਨੁਸਾਰ, ਨਵੀਂ ਤੋਂ ਪੁਰਾਣੀ, ਪੁਰਾਣੀ ਤੋਂ ਨਵੀਂ ਬਣਦੀ ਹੈ। ਇਸਦੇ ਚਾਰ ਭਾਗ ਵੀ ਪੂਰੇ ਹਨ ਜਿਸਨੂੰ ਸਵਾਸਤਿਕਾ ਵੀ ਕਹਿੰਦੇ ਹਨ ਪਰੰਤੂ ਸਮਝਦੇ ਕੁਝ ਵੀ ਨਹੀਂ ਹਨ। ਭਗਤੀ ਮਾਰਗ ਵਿੱਚ ਤਾਂ ਜਿਵੇਂ ਗੁੱਡੀਆਂ ਦਾ ਖੇਡ ਖੇਡਦੇ ਰਹਿੰਦੇ ਹਨ। ਅਥਾਹ ਚਿੱਤਰ ਹਨ, ਦੀਵਾਲੀ ਤੇ ਖਾਸ ਦੁਕਾਨਾਂ ਲਗਾਉਂਦੇ ਹਨ ਅਨੇਕਾਂਨੇਕ ਚਿੱਤਰ ਹਨ। ਹੁਣ ਤੁਸੀਂ ਸਮਝ ਗਏ ਜੋ ਇੱਕ ਹੈ ਸ਼ਿਵਬਾਬਾ ਅਤੇ ਅਸੀਂ ਬੱਚੇ। ਫੇਰ ਇੱਥੇ ਆਵੋ ਤਾਂ ਲਕਸ਼ਮੀ - ਨਾਰਾਇਣ ਦਾ ਰਾਜ, ਫੇਰ ਰਾਮ ਸੀਤਾ ਦਾ ਰਾਜ, ਫੇਰ ਬਾਦ ਵਿੱਚ ਹੋਰ - ਹੋਰ ਧਰਮ ਆਉਂਦੇ ਹਨ, ਜਿਨ੍ਹਾਂ ਨਾਲ ਤੁਹਾਡਾ ਬੱਚਿਆਂ ਦਾ ਕੁਨੈਕਸ਼ਨ ਹੀ ਨਹੀਂ ਹੈ। ਉਹ ਆਪਣੇ - ਆਪਣੇ ਸਮੇਂ ਤੇ ਆਉਂਦੇ ਹਨ ਫਿਰ ਸਭਨੇ ਵਾਪਿਸ ਜਾਣਾ ਹੈ। ਤੁਸੀਂ ਬੱਚਿਆਂ ਨੇ ਵੀ ਹੁਣ ਘਰ ਜਾਣਾ ਹੈ। ਇਹ ਸਾਰੀ ਦੁਨੀਆ ਵਿਨਾਸ਼ ਹੋਣੀ ਹੈ। ਹੁਣ ਇਸ ਵਿੱਚ ਕੀ ਰਹਿਣਾ ਹੈ। ਇਸ ਦੁਨੀਆਂ ਨਾਲ ਦਿਲ ਹੀ ਨਹੀਂ ਲਗਦਾ। ਦਿਲ ਲਗਾਉਣਾ ਹੈ ਇੱਕ ਮਸ਼ੂਕ ਨਾਲ, ਉਹ ਕਹਿੰਦੇ ਹਨ ਮੇਰੇ ਇੱਕ ਨਾਲ ਦਿਲ ਲਗਾਓ ਤਾਂ ਤੁਸੀਂ ਪਵਿੱਤਰ ਬਣੋਗੇ। ਹੁਣ ਬਹੁਤ ਗਈ ਥੋੜ੍ਹੀ ਰਹਿ ਗਈ ਹੈ, ਸਮਾਂ ਜਾਂਦਾ ਰਹਿੰਦਾ ਹੈ। ਯੋਗ ਵਿੱਚ ਨਹੀਂ ਰਹੇ ਹੋਵੋਗੇ ਤਾਂ ਬਹੁਤ ਪਛਤਾਉਣਗੇ, ਸਜ਼ਾ ਖਾਵਣਗੇ, ਪਦ ਵੀ ਭ੍ਰਿਸ਼ਟ ਹੋ ਜਾਵੇਗਾ। ਇਹ ਵੀ ਤੁਹਾਨੂੰ ਹੁਣ ਪਤਾ ਚੱਲਿਆ ਹੈ ਕਿ ਆਪਣਾ ਘਰ ਛੱਡੇ ਸਾਨੂੰ ਕਿੰਨਾ ਵਕ਼ਤ ਹੋਇਆ ਹੈ। ਘਰ ਜਾਣ ਲਈ ਹੀ ਤੇ ਮੱਥਾ ਮਾਰਦੇ ਹਨ ਨਾ। ਬਾਪ ਵੀ ਘਰ ਵਿੱਚ ਹੀ ਮਿਲਣਗੇ। ਮੁਕਤੀਧਾਮ ਵਿੱਚ ਜਾਣ ਲਈ ਮਨੁੱਖ ਕਿੰਨੀ ਮਿਹਨਤ ਕਰਦੇ ਹਨ। ਉਸਨੂੰ ਕਿਹਾ ਜਾਂਦਾ ਹੈ ਭਗਤੀ ਮਾਰਗ। ਹੁਣ ਭਗਤੀ ਮਾਰਗ ਖ਼ਲਾਸ ਹੋਣਾ ਹੈ ਡਰਾਮੇ ਅਨੁਸਾਰ। ਹੁਣ ਮੈਂ ਤੁਹਾਨੂੰ ਘਰ ਲੈ ਜਾਣ ਲਈ ਆਇਆ ਹਾਂ। ਜਰੂਰ ਲੈ ਜਾਵਾਂਗਾ। ਜਿਨ੍ਹਾਂ ਜੋ ਪਾਵਨ ਬਣਾਂਗੇ ਉਤਨਾ ਉੱਚ ਪਦ ਪਾਵਾਂਗੇ। ਇਸ ਵਿੱਚ ਮੁੰਝਣ ਦੀ ਗੱਲ ਹੀ ਨਹੀਂ ਹੈ। ਬਾਪ ਕਹਿੰਦੇ ਹਨ ਬੱਚੇ ਤੁਸੀਂ ਮੈਨੂੰ ਯਾਦ ਕਰੋ, ਮੈਂ ਗਰੰਟੀ ਕਰਦਾ ਹਾਂ ਤੁਸੀਂ ਬਿਗਰ ਸਜਾ ਭੁਗਤੇ ਘਰ ਚਲੇ ਜਾਵੋਗੇ। ਯਾਦ ਨਾਲ ਤੁਹਾਡੇ ਵਿਕਰਮ ਵਿਨਾਸ਼ ਹੋਣਗੇ। ਜੇਕਰ ਯਾਦ ਨਹੀਂ ਕਰੋਗੇ ਤਾਂ ਸਜ਼ਾ ਭੁਗਤਣੀ ਪਵੇਗੀ। ਪਦ ਵੀ ਭ੍ਰਿਸ਼ਟ ਹੋ ਜਾਵੇਗਾ। ਹਰ 5 ਹਜ਼ਾਰ ਸਾਲ ਬਾਦ ਮੈਂ ਇਹ ਹੀ ਆਕੇ ਸਮਝਾਉਂਦਾ ਹਾਂ। ਮੈਂ ਅਨੇਕਾਂ ਵਾਰ ਆਇਆ ਹਾਂ ਤੁਹਾਨੂੰ ਵਾਪਿਸ ਲੈ ਜਾਣ। ਤੁਸੀਂ ਬੱਚੇ ਹੀ ਹਾਰ ਜਿੱਤ ਦਾ ਪਾਰ੍ਟ ਵਜਾਉਂਦੇ ਹੋ, ਫੇਰ ਮੈਂ ਆਉਂਦਾ ਹਾਂ ਲੈ ਜਾਣ ਲਈ। ਇਹ ਹੈ ਪਤਿਤ ਦੁਨੀਆਂ, ਇਸ ਲਈ ਗਾਉਂਦੇ ਵੀ ਹਨ ਪਤਿਤ ਪਾਵਨ ਆਓ, ਅਸੀਂ ਵਿਕਾਰੀ ਪਤਿਤ ਹਾਂ, ਆਕੇ ਨਿਰਵਿਕਾਰੀ ਬਣਾਓ। ਇਹ ਹੈ ਵਿਕਾਰੀ ਦੁਨੀਆ। ਹੁਣ ਤੁਸੀਂ ਬੱਚਿਆਂ ਨੇ ਸੰਪੂਰਨ ਨਿਰਵਿਕਾਰੀ ਬਣਨਾ ਹੈ। ਜੋ ਪਿੱਛੋਂ ਆਉਂਦੇ ਹਨ ਉਹ ਸਜਾਵਾਂ ਖਾਕੇ ਜਾਂਦੇ ਹਨ ਇਸ ਲਈ ਫੇਰ ਆਉਂਦੇ ਵੀ ਅਜਿਹੀ ਦੁਨੀਆਂ ਵਿੱਚ ਹਨ ਜਿੱਥੇ ਦੋ ਕਲਾਵਾਂ ਘੱਟ ਹੋ ਜਾਂਦੀਆਂ ਹਨ। ਉਨ੍ਹਾਂ ਨੂੰ ਸੰਪੂਰਨ ਪਵਿੱਤਰ ਨਹੀਂ ਕਹਾਂਗੇ ਇਸ ਲਈ ਹੁਣ ਪੁਰਸ਼ਾਰਥ ਵੀ ਪੂਰਾ ਕਰਨਾ ਚਾਹੀਦਾ ਹੈ। ਅਜਿਹਾ ਨਾ ਹੋਵੇ ਕਿ ਪਦ ਘੱਟ ਜੋ ਜਾਵੇ। ਭਾਵੇਂ ਰਾਵਣ ਰਾਜ ਨਹੀਂ ਹੈ ਪਰੰਤੂ ਪਦ ਤਾਂ ਨੰਬਰਵਾਰ ਹੈ ਨਾ। ਆਤਮਾ ਵਿੱਚ ਖ਼ਾਦ ਪੈਂਦੀ ਹੈ ਤਾਂ ਉਸਨੂੰ ਸ਼ਰੀਰ ਵੀ ਓਵੇਂ ਦਾ ਹੀ ਮਿਲੇਗਾ। ਆਤਮਾ ਗੋਲਡਨ ਏਜ਼ਡ ਤੋਂ ਸਿਲਵਰ ਏਜ਼ਡ ਬਣ ਜਾਂਦੀ ਹੈ। ਚਾਂਦੀ ਦੀ ਖਾਦ ਆਤਮਾ ਵਿੱਚ ਪੈਂਦੀ ਹੈ ਫੇਰ ਦਿਨ - ਪ੍ਰਤੀਦਿਨ ਜ਼ਿਆਦਾ ਛੀ - ਛੀ ਖਾਦ ਪੈਂਦੀ ਹੈ ਮੁਲੰਮੇ ਦੀ। ਬਾਪ ਬਹੁਤ ਚੰਗੇ ਢੰਗ ਨਾਲ ਸਮਝਾਉਂਦੇ ਹਨ। ਕੋਈ ਨਹੀਂ ਸਮਝਦੇ ਹਨ ਤਾਂ ਹੱਥ ਉਠਾਓ। ਜਿਨ੍ਹਾਂ ਨੇ 84 ਜਨਮ ਦਾ ਚੱਕਰ ਲਗਾਇਆ ਹੈ, ਉਨ੍ਹਾਂ ਨੂੰ ਹੀ ਸਮਝਾਉਣਗੇ। ਬਾਪ ਕਹਿੰਦੇ ਹਨ ਇਨ੍ਹਾਂ ਦੇ 84 ਜਨਮਾਂ ਦੇ ਅੰਤ ਵਿੱਚ ਮੈਂ ਆਕੇ ਪ੍ਰਵੇਸ਼ ਕਰਦਾ ਹਾਂ। ਉਨ੍ਹਾਂਨੇ ਹੀ ਫੇਰ ਪਹਿਲੇ ਨੰਬਰ ਵਿੱਚ ਆਉਣਾ ਹੈ। ਜੋ ਪਹਿਲੇ ਸੀ, ਉਹ ਅੰਤ ਵਿੱਚ ਹੈ। ਉਨ੍ਹਾਂਨੇ ਹੀ ਪਹਿਲੇ ਨੰਬਰ ਵਿੱਚ ਜਾਣਾ ਹੈ, ਜੋ ਬਹੁਤ ਜਨਮਾਂ ਦੇ ਅੰਤ ਵਿੱਚ ਪਤਿਤ ਬਣ ਗਿਆ ਹੈ, ਮੈਂ ਪਤਿਤ ਪਾਵਨ ਉਨ੍ਹਾਂ ਦੇ ਹੀ ਸ਼ਰੀਰ ਵਿੱਚ ਆਉਂਦਾ ਹਾਂ, ਉਨ੍ਹਾਂਨੂੰ ਪਾਵਨ ਬਣਾਉਂਦਾ ਹਾਂ। ਕਿੰਨਾ ਕਲੀਅਰ ਕਰ ਸਮਝਾਉਂਦਾ ਹਾਂ।

ਬਾਪ ਕਹਿੰਦੇ ਹਨ ਮੈਨੂੰ ਯਾਦ ਕਰੋ ਤਾਂ ਤੁਹਾਡੇ ਪਾਪ ਭਸਮ ਹੋਣਗੇ। ਗੀਤਾ ਦਾ ਗਿਆਨ ਤਾਂ ਤੁਸੀਂ ਬਹੁਤ ਸੁਣਿਆ ਅਤੇ ਸੁਣਾਇਆ ਹੈ ਪਰੰਤੂ ਉਸ ਨਾਲ ਵੀ ਤੁਸੀਂ ਸਦਗਤੀ ਨੂੰ ਨਹੀਂ ਪਾਇਆ। ਬਹੁਤ ਸੰਨਿਆਸੀਆਂ ਨੇ ਤੁਹਾਨੂੰ ਮਿੱਠੀ - ਮਿੱਠੀ ਆਵਾਜ਼ ਵਿੱਚ ਸ਼ਾਸਤਰ ਸੁਣਾਏ, ਜਿਸ ਆਵਾਜ਼ ਨੂੰ ਸੁਣ ਕੇ ਵੱਡੇ - ਵੱਡੇ ਆਦਮੀ ਜਾਕੇ ਇਕੱਠੇ ਹੁੰਦੇ ਹਨ। ਕੰਨਰਸ ਹੈ ਨਾ। ਭਗਤੀ ਮਾਰਗ ਵਿੱਚ ਹੈ ਹੀ ਕੰਨਰਸ। ਇਸ ਵਿੱਚ ਤਾਂ ਆਤਮਾਏ ਨੇ ਬਾਪ ਨੂੰ ਯਾਦ ਕਰਨਾ ਹੈ। ਭਗਤੀ ਮਾਰਗ ਹੁਣ ਪੂਰਾ ਹੁੰਦਾ ਹੈ। ਬਾਪ ਕਹਿੰਦੇ ਹਨ ਮੈਂ ਤੁਹਾਨੂੰ ਬੱਚਿਆਂ ਨੂੰ ਗਿਆਨ ਦੇਣ ਆਇਆ ਹਾਂ, ਜੋ ਕੋਈ ਨਹੀਂ ਜਾਣਦਾ। ਮੈਂ ਹੀ ਗਿਆਨ ਦਾ ਸਾਗਰ ਹਾਂ। ਗਿਆਨ ਕਿਹਾ ਜਾਂਦਾ ਹੈ ਨਾਲੇਜ ਨੂੰ। ਤੁਹਾਨੂੰ ਸਭ ਕੁਝ ਪੜ੍ਹਾਉਂਦੇ ਹਾਂ। 84 ਦਾ ਚੱਕਰ ਵੀ ਸਮਝਾਉਂਦੇ ਹਾਂ, ਤੁਹਾਡੇ ਵਿੱਚ ਸਾਰੀ ਨਾਲੇਜ ਹੈ। ਸਥੂਲ ਵਤਨ ਕਰਾਸ ਕਰ ਫੇਰ ਮੂਲਵਤਨ ਵਿੱਚ ਜਾਂਦੇ ਹੋ। ਪਹਿਲੇ - ਪਹਿਲੇ ਲਕਸ਼ਮੀ - ਨਾਰਾਇਣ ਦੀ ਡੀਨੇਸਟੀ। ਉੱਥੇ ਵਿਕਾਰੀ ਬੱਚੇ ਨਹੀਂ ਹੁੰਦੇ, ਰਾਵਣ ਰਾਜ ਹੀ ਨਹੀਂ। ਯੋਗਬਲ ਨਾਲ ਸਭ ਕੁਝ ਹੁੰਦਾ ਹੈ, ਤੁਹਾਨੂੰ ਸਾਕਸ਼ਤਕਾਰ ਹੁੰਦਾ ਹੈ - ਹੁਣ ਬੱਚਾ ਬਣ ਗਰਭ ਮਹਿਲ ਵਿੱਚ ਜਾਣਾ ਹੈ। ਖੁਸ਼ੀ ਨਾਲ ਜਾਂਦੇ ਹਨ। ਇੱਥੇ ਤਾਂ ਮਨੁੱਖ ਕਿੰਨਾ ਰੋਂਦੇ ਚਿਲਾਉਂਦੇ ਹਨ। ਇੱਥੇ ਤਾਂ ਗਰਭ ਜੇਲ੍ਹ ਵਿੱਚ ਜਾਂਦੇ ਹਨ ਨਾ। ਉੱਥੇ ਰੋਣ ਪਿੱਟਣ ਵਾਲੀ ਗੱਲ ਨਹੀਂ।

ਸ਼ਰੀਰ ਤਾਂ ਬਦਲਣਾ ਜ਼ਰੂਰ ਹੈ। ਜਿਵੇਂ ਸੱਪ ਦਾ ਮਿਸਾਲ ਹੈ, ਇਸ ਵਿੱਚ ਮੁੰਝਣ ਦੀ ਕੋਈ ਗੱਲ ਨਹੀਂ। ਜ਼ਿਆਦਾ ਪੁੱਛਣ ਦੀ ਕੋਈ ਗੱਲ ਨਹੀਂ। ਇੱਕਦਮ ਪਾਵਨ ਬਣਨ ਦੇ ਪੁਰਸ਼ਾਰਥ ਵਿੱਚ ਲਗ ਜਾਣਾ ਚਾਹੀਦਾ ਹੈ। ਬਾਪ ਨੂੰ ਯਾਦ ਕਰਨਾ ਮੁਸ਼ਕਿਲ ਹੁੰਦਾ ਹੈ ਕੀ! ਬਾਪ ਦੇ ਸਾਮ੍ਹਣੇ ਬੈਠੇ ਹੋ ਨਾ। ਮੈਂ ਤੁਹਾਡਾ ਬਾਪ ਤੁਹਾਨੂੰ ਸੁਖ ਦਾ ਵਰਸਾ ਦਿੰਦਾ ਹਾਂ। ਤੁਸੀਂ ਇਸ ਇੱਕ ਅੰਤਿਮ ਜਨਮ ਯਾਦ ਵਿੱਚ ਨਹੀਂ ਰਹਿ ਸਕਦੇ ਹੋ! ਇੱਥੇ ਚੰਗੀ ਤਰ੍ਹਾਂ ਸਮਝਦੇ ਵੀ ਹਨ ਫੇਰ ਘਰ ਵਿੱਚ ਜਾਕੇ ਔਰਤ ਆਦਿ ਦਾ ਮੂੰਹ ਵੇਖਦੇ ਹਨ ਤਾਂ ਮਾਇਆ ਖਾ ਜਾਂਦੀ ਹੈ। ਬਾਪ ਕਹਿੰਦੇ ਹਨ ਕਿਸੇ ਵਿੱਚ ਵੀ ਮਮਤਵ ਨਹੀਂ ਰੱਖੋ। ਉਹ ਤਾਂ ਸਭ ਕੁਝ ਖ਼ਤਮ ਹੋਣਾ ਹੀ ਹੈ। ਯਾਦ ਤਾਂ ਇੱਕ ਬਾਪ ਨੂੰ ਹੀ ਕਰਨਾ ਹੈ। ਚਲਦੇ - ਫਿਰਦੇ ਬਾਪ ਅਤੇ ਆਪਣੀ ਰਾਜਧਾਨੀ ਨੂੰ ਯਾਦ ਕਰੋ। ਦੈਵੀਗੁਣ ਵੀ ਧਾਰਨ ਕਰਨੇ ਹਨ। ਸਤਿਯੁਗ ਵਿੱਚ ਇਹ ਗੰਦੀਆਂ

ਚੀਜਾਂ ਮੀਟ ਆਦਿ ਇਹ ਹੁੰਦਾ ਹੀ ਨਹੀਂ। ਬਾਪ ਕਹਿੰਦੇ ਹਨ ਵਿਕਾਰਾਂ ਨੂੰ ਵੀ ਛੱਡ ਦੇਵੋ। ਮੈਂ ਤੁਹਾਨੂੰ ਵਿਸ਼ਵ ਦੀ ਬਾਦਸ਼ਾਹੀ ਦਿੰਦਾ ਹਾਂ, ਕਿੰਨੀ ਕਮਾਈ ਹੁੰਦੀ ਹੈ। ਤਾਂ ਕਿਓਂ ਨਹੀਂ ਪਵਿੱਤਰ ਰਹੋਗੇ। ਸਿਰਫ਼ ਇੱਕ ਜਨਮ ਪਵਿੱਤਰ ਰਹਿਣ ਨਾਲ ਕਿੰਨੀ ਭਾਰੀ ਆਮਦਨੀ ਹੋ ਜਾਂਦੀ ਹੈ। ਭਾਵੇਂ ਇਕੱਠੇ ਰਹੋ, ਗਿਆਨ ਤਲਵਾਰ ਵਿੱਚ ਹੋਵੇ। ਪਵਿੱਤਰ ਰਹਿ ਵਿਖਾਇਆ ਤਾਂ ਸਭ ਤੋਂ ਉੱਚ ਪਦ ਪਾਵੋਗੇ ਕਿਉਂਕਿ ਬਾਲ ਬ੍ਰਹਮਚਾਰੀ ਠਹਿਰੇ। ਫੇਰ ਨਾਲੇਜ ਵੀ ਚਾਹੀਦੀ ਹੈ। ਦੂਸਰਿਆਂ ਨੂੰ ਆਪਣੇ ਵਰਗਾ ਬਣਾਉਣਾ ਹੈ। ਸੰਨਿਆਸੀਆਂ ਨੂੰ ਵਿਖਾਉਣਾ ਹੈ ਕਿ ਕਿਵੇਂ ਅਸੀਂ ਇਕੱਠੇ ਰਹਿੰਦੇ ਪਵਿੱਤਰ ਰਹਿੰਦੇ ਹਾਂ। ਤਾਂ ਸਮਝਣਗੇ ਇਨ੍ਹਾਂ ਵਿੱਚ ਤੇ ਬੜੀ ਤਾਕਤ ਹੈ। ਬਾਪ ਕਹਿੰਦੇ ਹਨ ਇਸ ਇਕ ਜਨਮ ਪਵਿੱਤਰ ਰਹਿਣ ਨਾਲ 21 ਜਨਮ ਤੁਸੀਂ ਵਿਸ਼ਵ ਦੇ ਮਾਲਿਕ ਬਣੋਂਗੇ। ਕਿੰਨੀ ਵੱਡੀ ਪ੍ਰਾਈਜ਼ ਮਿਲਦੀ ਹੈ ਤਾਂ ਕਿਓਂ ਨਹੀਂ ਪਵਿੱਤਰ ਰਹਿ ਵਿਖਾਉਣਗੇ। ਸਮਾਂ ਹੀ ਬਾਕੀ ਘੱਟ ਹੈ। ਆਵਾਜ਼ ਵੀ ਹੁੰਦੀ ਰਹੇਗੀ, ਅਖ਼ਬਾਰ ਵਿੱਚ ਵੀ ਪਾਉਣਗੇ। ਰਿਹਸਲ ਤਾਂ ਵੇਖੀ ਹੈ ਨਾ। ਇੱਕ ਐਟਮ ਬੰਬ ਨਾਲ ਕੀ ਹਾਲ ਹੋ ਗਿਆ। ਹਾਲੇ ਤੱਕ ਹਸਪਤਾਲ ਵਿੱਚ ਪਏ ਹਨ। ਹੁਣ ਤਾਂ ਅਜਿਹੇ ਬੰਬ ਆਦਿ ਬਣਾਉਂਦੇ ਹਨ ਜੋ ਕੋਈ ਤਕਲੀਫ਼ ਨਹੀਂ ਫੱਟ ਨਾਲ ਖ਼ਤਮ। ਹੋਰ ਇਹ ਰਿਹਾਸਲ ਹੋਕੇ ਫੇਰ ਫ਼ਾਈਨਲ ਹੋਵੇਗਾ। ਵੇਖਣਗੇ ਫੱਟ ਨਾਲ ਮਰਦੇ ਹਨ ਕੇ ਨਹੀਂ? ਫੇਰ ਹੋਰ ਯੁਕਤੀ ਰਚਣਗੇ। ਹਸਪਤਾਲ ਆਦਿ ਹੋਣਗੇ ਨਹੀਂ। ਕੌਣ ਬੈਠ ਖਿਦਮਤ ਸੇਵਾ ਕਰਨਗੇ। ਕੋਈ ਬ੍ਰਾਹਮਣ ਆਦਿ ਖਵਾਉਣ ਵਾਲਾ ਨਹੀਂ ਰਹੇਗਾ। ਬੰਬ ਛੱਡਿਆ ਅਤੇ ਫੇਰ ਖ਼ਲਾਸ। ਅਰਥ ਕੁਵੇਕ ਵਿੱਚ ਸਭ ਦਬ ਜਾਣਗੇ। ਦੇਰ ਨਹੀਂ ਲੱਗੇਗੀ। ਇੱਥੇ ਢੇਰ ਮਨੁੱਖ ਹਨ। ਸਤਿਯੁਗ ਵਿੱਚ ਬਹੁਤ ਥੋੜ੍ਹੇ ਹੁੰਦੇ ਹਨ। ਤਾਂ ਇੰਨੇ ਸਭ ਕਿਵੇਂ ਵਿਨਾਸ਼ ਹੋਣਗੇ! ਅੱਗੇ ਚੱਲ ਵੇਖਣਾ ਹੈ, ਉੱਥੇ ਤਾਂ ਸ਼ੁਰੂ ਵਿੱਚ 9 ਲੱਖ ਹਨ।

ਫਕੀਰ ਵੀ ਤੁਸੀਂ ਹੋ, ਸਾਹਿਬ ਵੀ ਤੁਹਾਨੂੰ ਪਿਆਰਾ ਹੈ। ਹੁਣ ਸਭਨੂੰ ਛੱਡ ਆਪਣੇ ਨੂੰ ਆਤਮਾ ਸਮਝ ਲਿਆ ਹੈ, ਅਜਿਹੇ ਫਕੀਰਾਂ ਨੂੰ ਬਾਪ ਪਿਆਰਾ ਲੱਗਦਾ ਹੈ। ਸਤਿਯੁਗ ਵਿੱਚ ਬਹੁਤ ਛੋਟਾ ਜਿਹਾ ਝਾੜ ਹੋਵੇਗਾ। ਗੱਲਾਂ ਤਾਂ ਬਹੁਤ ਸਮਝਾਉਂਦੇ ਹਨ। ਜੋ ਵੀ ਐਕਟਰਸ ਹਨ, ਸਾਰੀਆਂ ਆਤਮਾਵਾਂ ਅਵਿਨਾਸ਼ੀ ਹਨ। ਆਪਣਾ- ਆਪਣਾ ਪਾਰ੍ਟ ਵਜਾਉਣ ਆਉਂਦੀਆਂ ਹਨ। ਕਲਪ - ਕਲਪ ਤੁਸੀਂ ਹੀ ਆਕੇ ਬਾਪ ਤੋਂ ਸਟੂਡੈਂਟ ਬਣ ਪੜ੍ਹਦੇ ਹੋ। ਜਾਣਦੇ ਹੋ ਬਾਬਾ ਸਾਨੂੰ ਪਵਿੱਤਰ ਬਣਾਕੇ ਨਾਲ ਲੈ ਜਾਣਗੇ। ਬਾਬਾ ਵੀ ਡਰਾਮੇ ਅਨੁਸਾਰ ਬੰਧਾਏਮਾਨ ਹਨ, ਸਭ ਨੂੰ ਵਾਪਿਸ ਜ਼ਰੂਰ ਲੈ ਜਾਣਗੇ ਇਸ ਲਈ ਨਾਮ ਹੀ ਹੈ ਪਾਂਡਵ ਸੈਨਾ। ਤੁਸੀਂ ਪਾਂਡਵ ਕੀ ਕਰ ਰਹੇ ਹੋ ? ਤੁਸੀਂ ਬਾਪ ਤੋਂ ਰਾਜ ਭਾਗ ਲੈ ਰਹੇ ਹੋ, ਹੂਬਹੂ ਕਲਪ ਪਹਿਲੋਂ ਦੀ ਤਰ੍ਹਾਂ। ਨੰਬਰਵਾਰ ਪੁਰਸ਼ਾਰਥ ਅਨੁਸਾਰ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਬਾਪ ਦਾ ਪਿਆਰਾ ਬਣਨ ਦੇ ਲਈ ਪੂਰਾ ਫ਼ਕੀਰ ਬਣਨਾ ਹੈ। ਦੇਹ ਨੂੰ ਵੀ ਭੁੱਲ ਆਪਣੇ ਨੂੰ ਆਤਮਾ ਸਮਝਣਾ ਹੀ ਫਕੀਰ ਬਣਨਾ ਹੈ। ਬਾਪ ਤੋਂ ਵੱਡੀ ਤੋਂ ਵੱਡੀ ਇਨਾਮ ਲੈਣ ਦੇ ਲਈ ਸੰਪੂਰਨ ਪਾਵਨ ਬਣ ਕੇ ਵਿਖਾਉਣਾ ਹੈ।

2. ਵਾਪਿਸ ਘਰ ਜਾਣਾ ਹੈ ਇਸ ਲਈ ਪੁਰਾਣੀ ਦੁਨੀਆਂ ਨਾਲ ਦਿਲ ਨਹੀਂ ਲਗਾਉਣੀ ਹੈ। ਇੱਕ ਮਸ਼ੂਕ ਨਾਲ ਹੀ ਦਿਲ ਲਗਾਉਣਾ ਹੈ। ਬਾਪ ਅਤੇ ਰਾਜਧਾਨੀ ਨੂੰ ਯਾਦ ਕਰਨਾ ਹੈ।

ਵਰਦਾਨ:- ਬ੍ਰਾਹਮਣ ਜੀਵਨ ਵਿੱਚ ਸਦਾ ਚਿਅਰਫੁੱਲ ਅਤੇ ਕੇਅਰਫੁੱਲ ਮੂਡ ਵਿੱਚ ਰਹਿਣ ਵਾਲੇ ਕੰਮਬਾਈਨਡ ਰੂਪਧਾਰੀ ਭਵ

ਜੇਕਰ ਕਿਸੇ ਵੀ ਪਰਿਸਥਿਤੀ ਵਿੱਚ ਖੁਸ਼ੀ ਦੀ ਮੂਡ ਪਰਿਵਰਤਨ ਹੁੰਦੀ ਹੈ ਤਾਂ ਉਸਨੂੰ ਸਦਾਕਾਲ ਦੀ ਖੁਸ਼ੀ ਨਹੀਂ ਕਹਾਂਗੇ। ਬ੍ਰਾਹਮਣ ਜੀਵਨ ਵਿੱਚ ਸਦਾ ਚੇਅਰਫੁੱਲ ਅਤੇ ਕੇਅਰਫੁੱਲ ਮੂਡ ਹੋਵੇ। ਮੂਡ ਬਦਲਣੀ ਨਹੀਂ ਚਾਹੀਦੀ। ਜਦੋਂ ਮੂਡ ਬਦਲਦੀ ਹੈ ਹੈ ਤਾਂ ਕਹਿੰਦੇ ਹਨ ਮੈਨੂੰ ਤਾਂ ਏਕਾਂਤ ਚਾਹੀਦਾ ਹੈ। ਅੱਜ ਮੇਰਾ ਮੂਡ ਇਵੇਂ ਹੈ। ਮੂਡ ਬਦਲਦੀ ਉਦੋਂ ਹੈ ਜਦੋਂ ਇਕੱਲੇ ਹੁੰਦੇ ਹੋ, ਸਦਾ ਕੰਮਬਾਈਨਡ ਰੂਪ ਵਿੱਚ ਰਹੋ ਤਾਂ ਮੂਡ ਨਹੀਂ ਬਦਲੇਗੀ।

ਸਲੋਗਨ:- ਕੋਈ ਵੀ ਉਤਸਵ ਮਨਾਉਣਾ ਮਤਲਬ ਯਾਦ ਅਤੇ ਸੇਵਾ ਦੇ ਉਤਸ਼ਾਹ ਵਿੱਚ ਰਹਿਣਾ।

******